


## ਬਸਤੇ ਦਾ ਭਾਰ ਘਟਾਓ

ਵਿੱਦਿਆ ਮਨੁੱਖ ਦਾ ਤੀਸਰਾ ਨੇਤਰ ਹੈ। ਵਿੱਦਿਆ ਹੀਨ ਵਿਅਕਤੀ ਪਸ਼ੂ ਸਮਾਨ ਸਮਝਿਆ ਜਾਂਦਾ ਹੈ ਕਿਉਂਕਿ ਉਸਨੂੰ ਨਫ਼ੇ ਅਤੇ ਨੁਕਸਾਨ ਦੀ ਸੂਝ ਨਹੀਂ ਹੁੰਦੀ, ਜਿਸ ਸਦਕਾ ਉਹ ਹਰ ਪਾਸਿਓਂ ਲੁੱਟ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ। ਅੱਜ ਦਾ ਵਿਦਿਆਰਥੀ ਬਸਤੇ ਦੇ ਭਾਰ ਥੱਲੇ ਦੱਬਿਆ ਜਾ ਰਿਹਾ ਹੈ। ਇਹ ਵਿਚਾਰਨ ਦਾ ਵਿਸ਼ਾ ਹੈ ਕਿ ਬਸਤੇ ਦਾ ਭਾਰ ਕਿਵੇਂ ਘਟੇ? ਅੱਜ ਵਿਦਿਆਰਥੀ ਨੂੰ ਛੇਵੀਂ ਕਲਾਸ ਤੋਂ ਲੱਗਭੱਗ ਅੱਠ ਵਿਸ਼ੇ ਪੜ੍ਹਨੇ ਪੈਂਦੇ ਹਨ। ਇਨ੍ਹਾਂ ਦੀਆਂ ਕਾਪੀਆਂ ਦੀ ਗਿਣਤੀ 16 ਬਣਦੀ ਹੈ, ਫਿਰ ਅੱਠ ਕਿਤਾਬਾਂ ਕੁੱਲ ਮਿਲਾ ਕੇ 24 ਕੁ ਪੁਸਤਕਾਂ ਦੀ ਗੰਢ ਬਣ ਜਾਂਦੀ ਹੈ, ਜੋ ਕਿ ਪਿੱਠੂ ਵਾਂਗ ਲੱਦ ਕੇ ਬੱਚਾ ਸਕੂਲ ਜਾਂਦਾ ਹੈ। ਫਿਰ ਉਪਰੋਂ ਟੀਚਰਾਂ ਦੀਆਂ ਝਿੜਕਾਂ ਨਾਲ ਉਸ ਦਾ ਸਵੈਮਾਣ ਖਤਮ ਹੋ ਜਾਂਦਾ ਹੈ। ਨਤੀਜਾ ਕੀ ਹੁੰਦਾ ਹੈ ਕਿ ਬੱਚਾ ਪੜ੍ਹਾਈ ਨਾਲ ਲਗਨ ਦੀ ਜਗ੍ਹਾ ਨਫ਼ਰਤ ਕਰਦਾ ਹੈ। ਸਕੂਲੋਂ ਭੱਜਣ ਦੀ ਸੋਚਦਾ ਹੈ ਕਿਉਂਕਿ ਉਹ ਜ਼ਿਆਦਾ ਕੰਮ ਨਹੀਂ ਕਰ ਸਕਦਾ। ਉਹ ਸਕੂਲੋਂ ਤਿੰਨ ਕੁ ਵਜੇ ਮਸਾਂ ਹੀ ਘਰ ਆਉਂਦਾ ਹੈ, ਫਿਰ ਆਰਾਮ ਵੀ ਕਰਦਾ ਹੈ, ਢੇਰ ਸਾਰਾ ਹੋਮਵਰਕ ਵੀ ਮਿਲਦਾ ਹੈ, ਮਨੋਰੰਜਨ ਅਤੇ ਖੇਡ ਤੋਂ ਵਾਂਝੇ ਬੱਚੇ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ। ਉਹ ਪੜ੍ਹਾਈ ਨੂੰ ਨਫ਼ਰਤ ਕਰਨ ਲੱਗ ਜਾਂਦਾ ਹੈ। ਪਿਛਲੇ ਸਮੇਂ ਸਰਕਾਰ ਨੇ ਇਕ ਸਕੀਮ ਬਣਾਈ ਸੀ ਕਿ ਬੱਚੇ ਦੀਆਂ ਕਿਤਾਬਾਂ ਸਕੂਲ ਵਿਚ ਹੀ ਰੱਖੀਆਂ ਜਾਣ। ਸਕੂਲ ਵਿਚ ਹੀ ਹੋਮਵਰਕ ਕਰਵਾਇਆ ਜਾਵੇ ਤਾਂਕਿ ਉਹ ਬਸਤੇ ਦੇ ਭਾਰ ਤੋਂ ਮੁਕਤ ਹੋ ਸਕੇ ਪ੍ਰੰਤੂ ਇਹ ਸਕੀਮ ਵੀ ਬੁਰੀ ਤਰ੍ਹਾਂ ਫੇਲ੍ਹ ਹੋ ਗਈ ਕਿਉਂਕਿ ਇਸ ਵਿਚ ਖਾਮੀਆਂ ਸਨ, ਜਿੰਨ੍ਹਾਂ ਨੂੰ ਦੂਰ ਕਰਨ ਵੱਲ ਧਿਆਨ ਨਹੀਂ ਦਿੱਤਾ ਗਿਆ।

ਸਰਕਾਰੀ ਸਕੂਲਾਂ ਵਿਚ ਦਾਖਲੇ ਦੀ ਉਮਰ 6 ਸਾਲ ਦੀ ਥਾਂ ਹੁਣ 5 ਸਾਲ ਨਿਸ਼ਚਿਤ ਕਰ ਦਿੱਤੀ ਗਈ ਹੈ, ਬੱਚਾ ਸਭ ਕੁਝ ਸਮਝ ਸਕਦਾ ਹੈ ਪਰੰਤੂ ਬਸਤੇ ਦਾ ਭਾਰ ਉਸ ਨੂੰ ਸਤਾ ਰਿਹਾ ਹੈ ਕਿਉਂਕਿ ਕਿਤਾਬਾਂ ਦੀ ਗਿਣਤੀ ਵੱਧ ਰਹੀ ਹੈ। ਸ਼ਹਿਰਾਂ ਵਿਚ ਮਾਡਰਨ ਸਕੂਲਾਂ ਵਿਚ ਬੱਚੇ ਨੂੰ ਢਾਈ ਜਾਂ ਤਿੰਨ ਸਾਲ ਦੀ ਉਮਰ ਵਿਚ ਹੀ ਦਾਖਲ ਕਰ ਲਿਆ ਜਾਂਦਾ ਹੈ। ਉਹ ਬਸਤੇ ਦੇ ਭਾਰ ਤੋਂ ਮੁਕਤ ਹੈ ਕਿਉਂਕਿ ਇਕ ਡਾਇਰੀ ਉਪਰ ਹੀ ਦੋ ਚਾਰ ਲਫ਼ਜ਼ ਝਰੀਟ ਕੇ ਕੰਮ ਚਲਾ ਲਿਆ ਜਾਂਦਾ ਹੈ। ਇਨ੍ਹਾਂ ਦੀਆਂ ਫੀਸਾਂ ਅਤੇ ਦਾਖਲੇ ਅਸਮਾਨ ਨੂੰ ਛੂਹ ਰਹੇ ਹਨ ਜੋ ਕਿ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹਨ। ਨਤੀਜਾ ਕੀ ਹੁੰਦਾ ਹੈ ਕਿ ਬੱਚਾ ਦੋ ਜਾਂ ਤਿੰਨ ਸਾਲ ਪ੍ਰੀ ਨਰਸਰੀ, ਨਰਸਰੀ ਵਿਚ ਹੀ ਘੁੰਮਦਾ ਰਹਿੰਦਾ ਹੈ।

ਕੁੱਝ ਕੁ ਲੋੜੀਂਦੇ ਸੁਝਾਅ ਦਿੱਤੇ ਜਾ ਰਹੇ ਹਨ, ਜਿਸ ਸਦਕਾ ਬਸਤੇ ਦਾ ਭਾਰ ਕੁਝ ਘਟਾਇਆ ਜਾ ਸਕਦਾ ਹੈ -

1. ਸਕੂਲ ਵਿਚ ਦਿੱਤਾ ਗਿਆ ਕਲਾਸ ਵਰਕ ਹੀ ਹੋਮ ਵਰਕ ਦਿੱਤਾ ਜਾਵੇ। ਕੰਮ ਘੱਟ ਹੋਣ ਦੀ ਸੂਰਤ ਵਿਚ ਬੱਚਾ ਧਿਆਨ ਨਾਲ ਪੜ੍ਹ ਸਕੇਗਾ। ਕਿਉਂਕਿ ਸਿਲੇਬਸ ਜੇ ਚਾਹੀਏ ਤਾਂ 6 ਕੁ ਮਹੀਨੇ ਵਿਚ ਹੀ ਪੂਰਾ ਹੋ ਸਕਦਾ ਹੈ।

2. ਪੰਜਾਬੀ ਅਤੇ ਹਿੰਦੀ ਦੀ ਵਿਆਕਰਣ ਵਾਧੂ ਹਨ, ਕਲਾਸ ਵਿਚ ਹੀ ਇਸ ਬਾਰੇ ਬੋਰਡ ਉਪਰ ਲਿਖਵਾ ਕੇ ਸਾਰ ਲਿਆ ਜਾ ਸਕਦਾ ਹੈ।

3. ਅੰਗਰੇਜ਼ੀ ਦੀ ਵਿਆਕਰਣ ਜ਼ਰੂਰੀ ਹੈ, ਸਕੂਲ ਲਿਜਾਣ ਦੀ ਲੋੜ ਨਹੀਂ ਸਮਝੀ ਜਾਣੀ ਚਾਹੀਦੀ, ਕਿਉਂਕਿ ਬੱਚਾ ਘਰ ਆ ਕੇ ਅੰਗਰੇਜ਼ੀ ਦੇ ਲੇਖ, ਕਹਾਣੀ ਅਤੇ ਵਿਆਕਰਣ ਸਬੰਧੀ ਲਿਖ ਸਕਦਾ ਹੈ।

4. ਵਾਧੂ ਵਿਸ਼ਾ ਜਿਵੇਂ ਡਰਾਇੰਗ, ਸੰਸਕ੍ਰਿਤ ਜਾਂ ਫਿਰ ਸਰੀਰਕ ਸਿੱਖਿਆ ਹੈ। ਹਫ਼ਤੇ ਵਿਚ ਸਿਰਫ਼ ਇਕ ਹੀ ਪੀਰੀਅਡ ਲਿਆ ਜਾਵੇ ਤਾਂ ਵੀ ਅਸੀਂ ਬੱਚੇ ਨੂੰ ਸਭ ਕੁਝ ਸਿਖਾ ਸਕਦੇ ਹਾਂ।

5. ਹਰ ਵਿਸ਼ੇ ਲਈ ਦੋ ਦੋ ਕਾਪੀਆਂ ਤੇ ਕੰਮ ਕਰਵਾਉਣਾ ਠੀਕ ਨਹੀਂ ਹੈ, ਜਿਸ ਦਿਨ ਵਿਆਕਰਣ ਸਬੰਧੀ ਪੀਰੀਅਡ ਲਿਆ ਜਾਵੇ, ਉਸੇ ਦਿਨ ਹੀ ਵਿਆਕਰਣ ਦੀ ਕਾਪੀ ਚੈਕ ਕੀਤੀ ਜਾਵੇ, ਹਰ ਰੋਜ਼ ਵਾਧੂ ਤਿੰਨ-ਤਿੰਨ ਕਾਪੀਆਂ ਚੁੱਕਣ ਦਾ ਫਾਇਦਾ ਕੀ?

6. ਬੱਚੇ ਨੂੰ ਕੰਮ ਘੱਟੋ ਘੱਟ ਦਿੱਤਾ ਜਾਵੇ, ਜਿਸਨੂੰ ਉਹ ਖੁਸ਼ੀ ਨਾਲ ਕਰ ਸਕੇ ਅਤੇ ਖੇਡ ਲਈ ਵੀ ਸਮਾਂ ਕੱਢ ਸਕੇ। ਜਿਸ ਦਿਨ ਉਹ ਖੇਡੇਗਾ ਹੀ ਨਹੀਂ, ਉਸ ਦਿਨ ਉਹ ਕੰਮ ਵੀ ਦਿਲ ਲਗਾ ਕੇ ਨਹੀਂ ਕਰੇਗਾ। ਵਿੱਦਿਆ ਦੇ ਨਾਲ-ਨਾਲ ਖੇਡਾਂ ਦਾ ਵੀ ਉਚਿਤ ਪ੍ਰਬੰਧ ਕੀਤਾ ਜਾਵੇ ਤਾਂ ਚੰਗਾ ਹੋਵੇਗਾ ਕਿਉਂਕਿ ਇਕ ਤੰਦਰੁਸਤ ਬੱਚਾ ਹੀ ਮਨ ਲਗਾ ਕੇ ਪੜ੍ਹ ਸਕਦਾ ਹੈ।

7. ਹੈਲਪ ਬੁੱਕ ਦਾ ਵਾਧੂ ਭਾਰ ਵੀ ਨਾ ਚੁਕਵਾਇਆ ਜਾਵੇ ਕਿਉਂਕਿ ਜੇਕਰ ਕਲਾਸ ਵਿਚ ਇਕ ਅਧਿਆਪਕ ਮਿਹਨਤ ਨਾਲ ਕੰਮ ਕਰਵਾਏਗਾ ਤਾਂ ਬੱਚਾ ਹੈਲਪ ਬੁੱਕ ਵਿਚ ਦਿਲਚਸਪੀ ਨਹੀਂ ਲਵੇਗਾ। ਇਸ ਤਰ੍ਹਾਂ ਵਾਧੂ ਭਾਰ ਅਤੇ ਆਰਥਿਕ ਲੁੱਟ-ਖਸੁੱਟ ਤੋਂ ਬਚਿਆ ਜਾ ਸਕਦਾ ਹੈ।

8. ਛੋਟੇ ਬੱਚਿਆਂ ਨੂੰ ਸਿਰਫ਼ ਦੋ ਜਾਂ ਤਿੰਨ ਕਾਪੀਆਂ ਦਾ ਹੀ ਵਜ਼ਨ ਦਿੱਤਾ ਜਾਵੇ। ਹਫ਼ਤੇ ਵਿਚ ਹਰ ਰੋਜ਼ ਇਕੋ ਹੀ ਵਿਸ਼ਾ ਪੜ੍ਹਾ ਕੇ ਅਸੀਂ ਬੱਚੇ ਨੂੰ ਠੀਕ ਸੇਧ ਦੇ ਸਕਦੇ ਹਾਂ, ਜਾਂ ਫਿਰ ਹਫ਼ਤੇ ਦੇ ਦਿਨ ਵੰਡ ਕੇ ਵੱਖ-ਵੱਖ ਵਿਸ਼ਿਆਂ ਤੇ ਵਿਚਾਰ ਕੀਤਾ ਜਾ ਸਕਦਾ ਹੈ।

9. ਛੋਟੇ ਬੱਚਿਆਂ ਨੂੰ ਸਮਝਾਉਣ ਦੇ ਲਈ ਚਾਰਟ, ਬਲੈਕ ਬੋਰਡ ਅਤੇ ਰੰਗ ਬਰੰਗੇ ਖਿਡੌਣਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਵੱਡੇ-ਵੱਡੇ ਚਾਰਟਾਂ ਤੋਂ ਬੱਚਾ ਛੇਤੀ ਸਿਖ ਸਕਦੀ ਹਾ। ੳ, ਅ ਅਤੇ ਗਿਣਤੀ ਦੇ ਵੱਡੇ ਚਾਰਟ ਜਾਂ ਫਿਰ ਪ੍ਰਿੰਟਡ ਬਲੈਕ ਬੋਰਡ ਬੱਚੇ ਦੇ ਗਿਆਨ ਵਿਚ ਵਾਧਾ ਕਰ ਸਕਦੇ ਹਨ।

10. ਪ੍ਰਤੀ ਦਿਨ ਜੇਕਰ ਇਕੋ ਹੀ ਵਿਸ਼ੇ ਦੇ ਦੋ-ਦੋ ਪੀਰੀਅਡ ਲਏ ਜਾਣ ਤਾਂ ਬੱਚਾ ਜ਼ਿੰਦਗੀ ਦਾ ਕੁੱਝ ਸਿਖੇਗਾ। ਉਸਦਾ ਕੰਮ ਵੀ ਧਿਆਨ ਨਾਲ ਚੈਕ ਕੀਤਾ ਜਾ ਸਕਦਾ ਹੈ। ਵਾਧੂ ਕਿਤਾਬਾਂ ਉਹ ਘਰ ਰੱਖੇਗਾ। ਇਸ ਪ੍ਰਕਾਰ ਘੱਟ ਭਾਰ ਚੁੱਕਦੇ ਸਮੇਂ ਉਹ ਖੁਸ਼ੀ ਮਹਿਸੂਸ ਕਰੇਗਾ ਅਤੇ ਭੱਜ-ਭੱਜ ਕੇ ਸਕੂਲ ਜਾਵੇਗਾ। ਇਸਦੇ ਉਲਟ ਆਪਣੇ ਭਾਰ ਨਾਲੋਂ ਵਾਧੂ ਭਾਰ ਚੁੱਕਦਾ ਹੋਇਆ ਬੱਚਾ ਸਕੂਲ ਨੂੰ ਇਕ ਬੋਝ ਸਮਝੇਗਾ, ਉਹ ਸਕੂਲ ਜਾਣ ਤੋਂ ਕੰਨੀਂ ਕਤਰਾਏਗਾ।

ਉਪਰੋਕਤ ਗੱਲਾਂ ਤੇ ਜੇਕਰ ਵਿਚਾਰ ਕੀਤੀ ਜਾਵੇ ਤਾਂ ਬਸਤੇ ਦਾ ਭਾਰ ਘਟਾਇਆ ਜਾ ਸਕਦਾ ਹੈ, ਜੋ ਕਿ ਬੱਚੇ ਅਤੇ ਮਾਪੇ ਦੋਵਾਂ ਲਈ ਚਿੰਤਾ ਦਾ ਵਿਸ਼ਾ ਹੈ। ਬਸਤੇ ਦੇ ਘੱਟ ਭਾਰ ਸਦਕਾ ਹੀ ਬੱਚਾ ਮਨ ਲਗਾ ਕੇ ਪੜ੍ਹ ਸਕੇਗਾ।

ਰਾਜਿੰਦਰ ਵਰਮਾ

# ਘਰ ਦੀ ਰਸੋਈ

ਪੇਸ਼ਕਸ਼:
ਭਾਗਵੰਤੀ ਪੁਰਬਾ

### ਔਲੇ ਦਾ ਮੁਰੱਬਾ

**ਸਮੱਗਰੀ :**

250 ਗ੍ਰਾਮ ਔਲਾ, 250 ਗ੍ਰਾਮ ਚੀਨੀ, ਚੁਟਕੀ ਜਿੰਨੀ ਫਟਕੜੀ ਪਿਸੀ ਹੋਈ, ਅੱਠ-ਦਸ ਧਾਗੇ ਕੇਸਰ।

**ਵਿਧੀ :**

ਔਲੇ ਧੋ ਕੇ ਸਲਾਈ ਜਾਂ ਚਾਕੂ ਨਾਲ ਚਾਰੋਂ ਪਾਸਿਓਂ ਗੁੱਦਾ ਕੱਢ ਲਓ। ਫਟਕੜੀ ਨੂੰ ਪਾਣੀ 'ਚ ਘੋਲ ਲਓ। ਇਸ 'ਚ ਔਲੇ 30-40 ਮਿੰਟ ਲਈ ਪਾ ਕੇ ਰੱਖੋ। ਫਟਕੜੀ ਦੇ ਪਾਣੀ 'ਚੋਂ ਔਲੇ ਕੱਢ ਕੇ ਸਾਦੇ ਪਾਣੀ ਵਿਚ ਪਾ ਕੇ ਸਟੀਮ ਕਰ ਲਓ। ਚੀਨੀ ਦੀ ਦੋ ਤਾਰ ਦੀ ਚਾਸ਼ਨੀ ਬਣਾ ਲਓ। ਔਲਾ ਤੇ ਕੇਸਰ ਪਾ ਕੇ ਪਕਾਓ। ਜਦ ਚਾਸ਼ਣੀ ਗਾੜ੍ਹੀ ਹੋ ਜਾਏ ਤਾਂ ਹੇਠਾਂ ਉਤਾਰ ਲਓ। ਠੰਢਾ ਕਰਕੇ ਜਾਰ 'ਚ ਰੱਖੋ। ਥਕਾਵਟ ਦੂਰ ਕਰਨ ਵਾਲਾ ਤੇ ਦਿਮਾਗ ਨੂੰ ਤੇਜ਼ ਕਰਨ ਵਾਲਾ ਮੁਰੱਬਾ ਤਿਆਰ ਹੈ।







### ਗਾਜਰ ਦਾ ਮੁਰੱਬਾ

**ਸਮੱਗਰੀ :**

500 ਗ੍ਰਾਮ ਗਾਜਰ, 400 ਗ੍ਰਾਮ ਚੀਨੀ, 1/2 ਛੋਟਾ ਚਮਚ ਇਲਾਇਚੀ ਦੇ ਦਾਣੇ, 8-10 ਧਾਗੇ ਕੇਸਰ, 1 ਨਿੰਬੂ ਦਾ ਰਸ।

**ਵਿਧੀ :**

ਲਾਲ ਗਾਜਰਾਂ ਨੂੰ ਛਿਲ ਕੇ ਧੋ ਲਓ। ਇਨਾਂ ਦੇ 2-3 ਲੰਬੇ ਗੋਲ ਟੁਕੜੇ ਕੱਟ ਲਓ। ਇਕ ਪਤੀਲੇ 'ਚ ਪਾਣੀ ਗਰਮ ਕਰੋ। ਇਸ 'ਚ ਗਾਜਰ ਦੇ ਟੁਕੜੇ ਪਾ ਕੇ 1 ਮਿੰਟ ਲਈ ਢੱਕ ਦਿਓ। ਛਾਣਨੀ ਨਾਲ ਛਾਣ ਕੇ ਪਾਣੀ ਅਲੱਗ ਕਰੋ। ਚੀਨੀ ਦੀ 1 ਤਾਰ ਦੀ ਚਾਸ਼ਣੀ ਤਿਆਰ ਕਰ ਲਓ। ਗਾਜਰ ਚਾਸ਼ਣੀ 'ਚ ਪਾ ਕੇ, ਦੋ ਮਿੰਟ ਪਕਾ ਲਓ। ਜਦ ਚਾਸ਼ਣੀ 2 ਤਾਰ ਦੀ ਹੋ ਜਾਵੇ ਤੇ ਗਾਜਰ ਪੱਕ ਜਾਵੇ ਤਾਂ ਹੇਠ ਦਾਣੇ ਉਤਾਰ ਲਓ। ਕੇਸਰ ਤੇ ਇਲਾਇਚੀ ਦੇ ਦਾਣੇ, ਨਿੰਬੂ ਦਾ ਰਸ ਮਿਲਾ ਦਿਓ। ਪੌਸ਼ਟਿਕ ਤੇ ਲਜ਼ੀਜ਼ ਮੁਰੱਬਾ ਤਿਆਰ ਹੈ।

# ਕਿਤੇ ਸਾਨੂੰ ਭੁਲੱਕੜ ਨਾ ਬਣਾ ਦੇਵੇ ਗੂਗਲ




ਸੂਚਨਾ ਤਕਨੀਕ ਨਾਲ ਅਸੀਂ ਕਿਸੇ ਵੀ ਸਵਾਲ ਦਾ ਜਵਾਬ ਝੱਟ ਲੱਭ ਲੈਂਦੇ ਹਾਂ। ਇਥੋਂ ਤੱਕ ਕਿ ਕਿਸੇ ਕਾਲਪਨਿਕ ਸਵਾਲ ਦਾ ਜਵਾਬ ਵੀ ਕਰੀਬ ਮਿਲ ਹੀ ਜਾਂਦਾ ਹੈ। ਪਰ ਖੋਜੀਆਂ ਦਾ ਕਹਿਣਾ ਹੈ ਕਿ ਗੂਗਲ ਸਰਚ ਇੰਜਣ 'ਤੇ ਤੱਥਾਂ ਦੀ ਜਾਂਚ ਤੇ ਮੁੱਢਲੀ ਜਾਣਕਾਰੀ ਹਾਸਲ ਕਰਨ ਦੀ ਵਧਦੀ ਨਿਰਭਰਤਾ ਸਾਨੂੰ ਭੁਲੱਕੜ ਬਣਾ ਸਕਦੀ ਹੈ। ਹਾਰਵਰਡ ਯੂਨੀਵਰਸਿਟੀ ਦੀ ਇਕ ਖੋਜ 'ਚ ਇਹ ਵੀ ਦੇਖਿਆ ਗਿਆ ਕਿ ਸਰਚ ਇੰਜਣ ਨੂੰ ਬਹੁਤ ਸਾਰੇ ਲੋਕ ਇਕ ਟੂਲ ਦੀ ਥਾਂ ਆਪਣੀ ਸਿਆਣਪ ਦੇ ਵਿਸਥਾਰ ਦੇ ਰੂਪ 'ਚ ਦੇਖਦੇ ਹਨ। ਨਤੀਜੇ ਵਜੋਂ ਉਹ ਖੁਦ ਨੂੰ ਸਿਆਣਾ ਸਮਝਦੇ ਹਨ ਪਰ ਜਵਾਬ ਲੱਭਣ ਲਈ ਉਹ ਇੰਟਰਨੈੱਟ 'ਤੇ ਨਿਰਭਰ ਰਹਿੰਦੇ ਹਨ।

ਖੋਜੀਆਂ ਦੀ ਇਕ ਟੀਮ ਨੇ ਖੋਜ 'ਚ ਵਿਦਿਆਰਥੀਆਂ ਤੋਂ ਕਈ ਸੌਖੇ ਸਵਾਲ ਪੁੱਛੇ। ਇਸ 'ਚ ਉਨ੍ਹਾਂ ਦੇਖਿਆ ਕਿ ਜਿੰਨ੍ਹਾਂ ਨੇ ਇੰਟਰਨੈੱਟ ਦੀ ਵਰਤੋਂ ਕੀਤੀ ਸੀ, ਉਨ੍ਹਾਂ ਦੇ ਦਿਮਾਗ ਦੀ ਸਮਰੱਥਾ ਖੁਦ ਦੇ ਗਿਆਨ ਨਾਲ ਸਹੀ ਜਵਾਬ ਦੇਣ ਵਾਲਿਆਂ ਮੁਕਾਬਲੇ ਪ੍ਰਭਾਵਸ਼ਾਲੀ ਸਨ।

ਖੋਜੀਆਂ ਨੇ ਅੰਦਾਜ਼ਾ ਲਗਾਇਆ ਕਿ ਗੂਗਲ ਨੇ ਇੰਟਰਨੈੱਟ ਨੂੰ ਉਨ੍ਹਾਂ ਦੇ ਗਿਆਨ ਦਾ ਟੂਲ ਬਣਾ ਦਿੱਤਾ ਹੈ। ਇਸ ਨਾਲ ਬੰਦਾ ਜਾਣਕਾਰੀ ਸਾਂਝੀ ਕਰਨ ਦੀ ਥਾਂ ਇੰਟਰਨੈੱਟ 'ਤੇ ਹੀ ਸੂਚਨਾਵਾਂ ਨੂੰ ਆਪਣੀ ਲੋੜ ਮੁਤਾਬਕ ਸੁਰੱਖਿਅਤ ਕਰ ਲੈਂਦਾ ਹੈ।

# ਸੱਸ ਬਣੇ ਮਾਂ ਤੋਂ ਵੀ ਪਿਆਰੀ

ਅਜੇ ਵਿਆਹ ਨੂੰ ਕੁਝ ਹੀ ਸਮਾਂ ਜਾਂ ਸਾਲ ਬੀਤਦੇ ਹਨ ਕਿ ਸੱਸ ਨੂੰਹ ਨਾਲ ਕਿਸੇ ਨਾ ਕਿਸੇ ਗੱਲ 'ਤੇ ਲੜਨਾ ਸ਼ੁਰੂ ਕਰ ਦਿੰਦੀ ਹੈ। ਕਿਤੇ ਇਹ ਝਗੜਾ ਛੇਤੀ ਸ਼ੁਰੂ ਹੁੰਦਾ ਹੈ ਅਤੇ ਕਿਤੇ ਦੇਰ ਨਾਲ ਅਤੇ ਕੋਈ ਹੀ ਘਰ ਅਜਿਹਾ ਹੋਵੇਗਾ, ਜਿੱਥੇ ਸੱਸ-ਨੂੰਹ ਵਿਚਾਲੇ ਝਗੜਾ ਤਾਂ ਕੀ, ਕੋਈ ਮਨ-ਮੁਟਾਅ ਦੇਖਣ ਨੂੰ ਨਾ ਮਿਲੇ। ਇਸ 'ਚ ਦੋਸ਼ ਇਕੱਲੀ ਸੱਸ ਜਾਂ ਇਕੱਲੀ ਨੂੰਹ ਦਾ ਹੀ ਨਹੀਂ ਹੁੰਦਾ ਕਿਉਂਕਿ ਤਾੜੀ ਦੋਵਾਂ ਹੱਥਾਂ ਨਾਲ ਵੱਜਦੀ ਹੈ।

ਦੇਖਿਆ ਜਾਵੇ ਤਾਂ ਸੱਸ ਅਤੇ ਨੂੰਹ ਦਾ ਰਿਸ਼ਤਾ ਬਹੁਤ ਹੀ ਖ਼ੂਬਸੂਰਤ ਅਤੇ ਪਿਆਰਾ ਹੁੰਦਾ ਹੈ, ਜੇ ਇਸ ਨੂੰ ਪਿਆਰ ਨਾਲ ਨਿਭਾਇਆ ਜਾਵੇ। ਕਿਉਂਕਿ ਰਿਸ਼ਤਾ ਉਮਰ ਭਰ ਚੱਲਣ ਵਾਲਾ ਹੁੰਦਾ ਹੈ ਅਤੇ ਇਸ ਨੂੰ ਨਿਭਾਉਣ ਦਾ ਸਿਹਰਾ ਹੀ ਸੱਸ ਨੂੰ ਜਾਂਦਾ ਹੈ। ਜਾਨ ਤੋਂ ਪਿਆਰੇ ਬੇਟੇ ਦੇ ਸੁਪਨਿਆਂ ਦੀ ਸ਼ਹਿਜ਼ਾਦੀ ਹੁੰਦੀ ਹੈ ਨੂੰਹ, ਜਿਸ ਨੂੰ ਤੁਸੀਂ ਖੁਦ ਪਸੰਦ ਕਰ ਕੇ ਵਿਆਹ ਕੇ ਲਿਆਉਂਦੇ ਹੋ। ਇਹੋ ਨਹੀਂ, ਨੂੰਹ ਦੀ ਲਿਆਂਦੀ ਹਰ ਚੀਜ਼ ਨੂੰ ਵੀ ਤੁਸੀਂ ਚਾਅ ਨਾਲ ਪਹਿਨਦੇ ਹੋ ਅਤੇ ਉਸ ਦੀ ਤਾਰੀਫ਼ ਹਰ ਕਿਸੇ ਦੇ ਸਾਹਮਣੇ ਕਰਦੇ ਹੋ। ਫਿਰ ਕੁਝ ਸਮੇਂ ਬਾਅਦ ਇਸ ਪਿਆਰ ਭਰੇ ਰਿਸ਼ਤੇ 'ਚ ਦੋਹਾਂ ਪੱਖਾਂ ਤੋਂ ਕਿਤੇ ਨਾ ਕਿਤੇ ਮੁਕਾਬਲੇਬਾਜ਼ੀ ਆ ਜਾਂਦੀ ਹੈ।

ਅਸਲ 'ਚ ਦੇਖਿਆ ਜਾਵੇ ਤਾਂ ਜਿਸ ਬੇਟੇ ਨੂੰ ਇਕ ਚੰਗਾ ਇਨਸਾਨ ਬਣਾਉਣ, ਉਸ ਨੂੰ ਪੈਰਾਂ 'ਤੇ ਖੜ੍ਹਾ ਕਰਨ, ਲੋਕਾਂ ਦੀਆਂ ਬੁਰੀਆਂ ਨਜ਼ਰਾਂ ਤੋਂ ਬਚਾਉਣ ਆਦਿ 'ਚ ਉਸ ਨੇ 25-30 ਸਾਲ ਲਗਾ ਦਿੱਤੇ, ਉਸ ਦੇ ਵਿਆਹ ਤੋਂ 25-30 ਦਿਨਾਂ 'ਚ ਹੀ ਉਸ ਨੂੰ ਆਪਣਾ ਇਹ ਫ਼ੈਸਲਾ ਗ਼ਲਤ ਕਿਉਂ ਲੱਗਣ ਲੱਗਦਾ ਹੈ? ਤੁਸੀਂ ਉਸ ਦਾ ਵਿਰੋਧ ਕਰਦੇ ਹੋਏ ਇਕ ਵਾਰ ਵੀ ਨਹੀਂ ਸੋਚਦੇ ਕਿ ਵਿਆਹ ਤੋਂ ਬਾਅਦ ਤੁਹਾਡਾ ਬੇਟਾ ਅਜਿਹੇ ਰਿਸ਼ਤੇ 'ਚ ਬੱਝ ਚੁੱਕਾ ਹੈ, ਜਿਸ ਨੂੰ ਉਹ ਚਾਹੁੰਦੇ ਹੋਏ ਵੀ ਠੁਕਰਾ ਨਹੀਂ ਸਕਦਾ। ਇਸੇ ਤਰ੍ਹਾਂ ਨੂੰਹ ਨੂੰ ਵੀ ਇਹ ਗੱਲ ਸਮਝਣੀ ਪਵੇਗੀ ਕਿ ਸਹੁਰੇ ਘਰ ਉਸ ਨੇ ਸਾਰੀ ਉਮਰ ਰਹਿਣਾ ਹੈ ਅਤੇ ਉਸ ਦੇ ਪਤੀ ਨੂੰ ਮੁਕਾਮ ਤੱਕ ਪਹੁੰਚਾਉਣ 'ਚ ਉਸ ਦੇ ਮਾਤਾ-ਪਿਤਾ ਦਾ ਹੀ ਯੋਗਦਾਨ ਹੈ, ਕਿਉਂਕਿ ਸੱਸ ਵੀ ਕਦੇ ਨੂੰਹ ਸੀ : ਤੁਹਾਡੀ ਸੱਸ ਨੂੰਹ ਬਣ ਕੇ ਪਹਿਲਾਂ ਆਈ ਸੀ, ਇਸ ਲਈ ਘਰ 'ਚ ਉਸ ਦਾ ਰੁਤਬਾ ਅਤੇ ਤਜ਼ਰਬਾ ਨੂੰਹ ਤੋਂ ਕਿਤੇ ਜ਼ਿਆਦਾ ਹੁੰਦਾ ਹੈ। ਅੱਜ ਜੋ ਤੁਹਾਡਾ ਸਹੁਰਾ ਘਰ ਹੈ, ਉਹ ਸੱਸ ਦਾ ਘਰ ਹੈ। ਤੁਹਾਡੀ ਸੱਸ ਆਪਣੇ ਬੇਟੇ ਦੀ ਹਰ ਚੰਗੀ-ਬੁਰੀ ਆਦਤ ਤੋਂ ਵਾਕਿਫ਼ ਹੈ, ਜਦਕਿ ਨੂੰਹ ਦੇ ਰੂਪ 'ਚ ਤੁਸੀਂ ਉਮਰ 'ਚ ਹੀ ਨਹੀਂ, ਸਗੋਂ ਅਨੁਭਵ 'ਚ ਵੀ ਕਾਫੀ ਛੋਟੇ ਹੋ, ਇਸ ਲਈ ਸਮਝਦਾਰੀ ਤੋਂ ਕੰਮ ਲੈਂਦੇ ਹੋਏ ਹੀ ਤੁਸੀਂ ਆਪਣੇ ਅਕਸ ਨੂੰ ਬੇਹਤਰੀਨ ਬਣਾਉਂਦੇ ਹੋਏ ਹਰ ਕਿਸੇ ਦਾ ਪਿਆਰ ਪਾ ਸਕਦੇ ਹੋ।

**ਰੱਖੋ ਧਿਆਨ ਸੱਸ :**

* ਸੱਸ-ਨੂੰਹ ਦੇ ਝਗੜੇ ਦਾ ਕੋਈ ਵੀ ਕਾਰਨ ਹੋਵੇ ਪਰ ਇਸ ਨਾਲ ਘਰ ਉਜੜ ਜਾਂਦੇ ਹਨ।

* ਸੱਸ ਨੂੰ ਜਿੱਥੇ ਨੂੰਹ ਨੂੰ ਆਪਣੀ ਬੇਟੀ ਸਮਝਣਾ ਚਾਹੀਦੈ, ਉੱਥੇ ਨੂੰਹ ਨੂੰ ਵੀ ਸੱਸ ਨੂੰ ਮਾਂ ਵਾਂਗ ਹੀ ਮਾਣ-ਸਨਮਾਣ ਦੇਣਾ ਪਵੇਗਾ।

* ਜਿਸ ਘਰ 'ਚ ਸੱਸ-ਨੂੰਹ 'ਚ ਪਿਆਰ ਹੋਵੇ, ਉਹ ਘਰ ਕਦੇ ਨਹੀਂ ਟੁੱਟਦਾ।

* ਨੂੰਹ ਨੂੰ ਦਾਜ ਜਾਂ ਉਸ ਦੇ ਮਾਤਾ-ਪਿਤਾ ਆਦਿ ਦਾ ਤਾਅਨਾ ਮਾਰ ਕੇ ਕਦੇ ਵੀ ਮਾਨਸਿਕ ਦੁੱਖ ਦੇਣ ਦਾ ਯਤਨ ਨਾ ਕਰੋ।

**ਨੂੰਹ :**

* ਪਹਿਲਾਂ ਸਹੁਰੇ ਘਰ 'ਚ ਮਾਹੌਲ ਨੂੰ ਪੂਰੀ ਤਰ੍ਹਾਂ ਸਮਝੋ, ਫਿਰ ਕੋਈ ਪ੍ਰਤੀਕਿਰਿਆ ਦਿਓ। ਬਿਨਾਂ ਸਮਝੇ ਕੋਈ ਵੀ ਰਾਏ ਬਣਾ ਲੈਣੀ ਨਾਦਾਨੀ ਹੀ ਮੰਨੀ ਜਾਵੇਗੀ।

* ਤੁਸੀਂ ਆਪਣੇ ਪਤੀ ਨੂੰ ਵੀ ਦੱਸ ਸਕਦੇ ਹੋ ਕਿ ਤੁਹਾਨੂੰ ਘਰ 'ਚ ਕੀ ਮੁਸ਼ਕਿਲ ਆਈ ਹੈ, ਉਹ ਖ਼ੁਦ ਤੁਹਾਨੂੰ ਉਸ ਨਾਲ ਨਜਿੱਠਣ ਦਾ ਹੱਲ ਦੱਸ ਦੇਣਗੇ।

* ਆਪਣੀਆਂ ਮੁਸ਼ਕਿਲਾਂ ਅਤੇ ਪ੍ਰੇਸ਼ਾਨੀਆਂ ਕਿਸੇ ਬਾਹਰ ਦੀ ਔਰਤ ਨੂੰ ਦੱਸਣ ਦੀ ਬਜਾਏ ਸਿਰਫ਼ ਆਪਣੀ ਸੱਸ ਨੂੰ ਦੱਸੋਗੇ ਤਾਂ ਉਹ ਉਨ੍ਹਾਂ ਨੂੰ ਦੂਰ ਕਰਨ ਦਾ ਰਾਹ ਤੁਹਾਨੂੰ ਜ਼ਰੂਰ ਸੁਝਾਏਗੀ।